Leicestershire Partnership NHS Trust
**A university teaching and research-active Trust**
Bridge Park Plaza
Bridge Park Road
Thurmaston
Leicester
LE4 8PQ
www.leicspart.nhs.uk

Telephone: 0300 3000 007
Email: communityimmunisations.service@nhs.net

ਜੁਲਾਈ 2022

ਪਿਆਰੇ ਕਿਸ਼ੋਰ ਅਤੇ ਮਾਤਾ/ਪਿਤਾ/ਦੇਖਭਾਲਕਰਤਾ,

**ਵੱਖ-ਵੱਖ ਕੈਂਸਰਾਂ ਤੋਂ ਬਚਾਉਣ ਲਈ ਹਿਊਮਨ ਪੈਪੀਲੋਮਾਵਾਇਰਸ (HPV) ਟੀਕਾਕਰਨ**

ਅਸੀਂ ਸਕੂਲੀ ਸਾਲ 8 (12 ਤੋਂ 13 ਸਾਲ ਦੀ ਉਮਰ) ਦੇ ਸਾਰੇ ਨੌਜਵਾਨਾਂ ਨੂੰ ਸਕੂਲ ਵਿੱਚ ਹਿਊਮਨ ਪੈਪੀਲੋਮਾਵਾਇਰਸ (HPV) ਟੀਕਾਕਰਨ ਕਰਵਾਉਣ ਦੀ ਪੇਸ਼ਕਸ਼ ਕਰਨਾ ਚਾਹੁੰਦੇ ਹਾਂ।

ਟੀਕਾਕਰਨ HPV ਦੀਆਂ ਨੌਂ ਤੱਕ ਕਿਸਮਾਂ ਦੇ ਵਿਰੁੱਧ ਸੁਰੱਖਿਆ ਪ੍ਰਦਾਨ ਕਰਦਾ ਹੈ, ਜੋ ਵੱਖ-ਵੱਖ ਕੈਂਸਰਾਂ ਦਾ ਕਾਰਨ ਬਣ ਸਕਦਾ ਹੈ। ਇਹ ਦੋ ਖੁਰਾਕਾਂ ਦਾ ਕੋਰਸ ਹੈ ਜੋ ਛੇ ਤੋਂ 24 ਮਹੀਨਿਆਂ ਦੇ ਅੰਤਰਾਲ 'ਤੇ, ਬਾਂਹ ਦੇ ਉਪਰਲੇ ਹਿੱਸੇ ਵਿੱਚ ਇੱਕ ਟੀਕੇ ਵਜੋਂ ਦਿੱਤਾ ਜਾਂਦਾ ਹੈ। ਹੋਰ ਜਾਣਨ ਲਈ ਇਸ ਵੈੱਬਸਾਈਟ 'ਤੇ ਜਾਓ: www.tiny.cc/hpvleaflet ਜਾਂ ਵੈਕਸੀਨ ਬਾਰੇ ਸਾਡਾ ਐਨੀਮੇਸ਼ਨ ਦੇਖੋ: www.healthforteens.co.uk/health/immunisation

**ਜੋ ਵੀ ਤੁਸੀਂ ਫੈਸਲਾ ਕਰਦੇ ਹੋ, ਤੁਹਾਨੂੰ ਸਾਨੂੰ ਜ਼ਰੂਰ ਦੱਸਣਾ ਚਾਹੀਦਾ ਹੈ।**

- ਆਨਲਾਈਨ ਇਸ ਵੈੱਬਸਾਈਟ 'ਤੇ ਜਾ ਕੇ ਇੱਕ ਸਹਿਮਤੀ ਫਾਰਮ ਭਰੋ: **www.leicsandrutlandimms.co.uk**
- **Human Papillomavirus** ਚੁਣੋ
- ਤੁਹਾਨੂੰ ਆਪਣੇ ਸਕੂਲ ਲਈ ਕੋਡ ਦੀ ਲੋੜ ਹੋਵੇਗੀ। **[School name]** ਲਈ ਸਕੂਲ ਕੋਡ **[School Code]** ਹੈ
- **ਟੀਕਾਕਰਨ ਦੇ ਪੂਰੇ ਕੋਰਸ ਲਈ ਤੁਹਾਨੂੰ ਸਿਰਫ ਇੱਕ ਵਾਰ ਆਪਣਾ ਫੈਸਲਾ ਦਰਜ ਕਰਨ ਦੀ ਲੋੜ ਹੈ।**
- ਫਾਰਮ ਜਮ੍ਹਾ ਕਰਨ 'ਤੇ ਤੁਹਾਨੂੰ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਹੋਵੇਗੀ।

| | |
|---|---|
| **ਕੀ ਤੁਸੀਂ ਸਹਿਮਤੀ ਫਾਰਮ ਤੋਂ ਬਿਨਾਂ ਟੀਕਾਕਰਨ ਕਰੋਗੇ?** | ਨਹੀਂ। |
| **ਮੈਂ ਵੈਕਸੀਨ ਉਤਪਾਦ ਬਾਰੇ ਪਰਚਾ ਕਿੱਥੇ ਪੜ੍ਹ ਸਕਦਾ/ਸਕਦੀ ਹਾਂ?** | ਇਸ ਵੈੱਬਸਾਈਟ 'ਤੇ ਜਾਓ: https://www.medicines.org.uk/emc/files/pil.7330.pdf |
| **ਸੈਸ਼ਨ ਕਦੋਂ ਹੈ?** | ਤੁਹਾਡਾ ਸਕੂਲ ਤੁਹਾਨੂੰ ਦੱਸੇਗਾ ਕਿ ਅਸੀਂ ਕਿਸ ਦਿਨ ਜਾਵਾਂਗੇ। |
| **ਮੈਨੂੰ ਆਪਣਾ ਜਵਾਬ ਕਦੋਂ ਤੱਕ ਜਮ੍ਹਾਂ ਕਰਾਉਣਾ ਚਾਹੀਦਾ ਹੈ?** | ਜਿੰਨੀ ਜਲਦੀ ਸੰਭਵ ਹੋ ਸਕੇ। ਫਾਰਮ ਸੈਸ਼ਨ ਤੋਂ ਇੱਕ ਕੰਮਕਾਜੀ ਦਿਨ ਪਹਿਲਾਂ ਬੰਦ ਹੋ ਜਾਵੇਗਾ। ਅਸੀਂ ਇਸਨੂੰ ਬਾਅਦ ਵਿੱਚ ਦੁਬਾਰਾ ਖੋਲ੍ਹਾਂਗੇ ਤਾਂ ਜੋ ਤੁਸੀਂ ਭਵਿੱਖ ਦੇ ਸੈਸ਼ਨਾਂ ਲਈ ਸਹਿਮਤੀ ਦੇ ਸਕੋ। |
| **ਇਹ ਕਹਿੰਦਾ ਹੈ ਕਿ ਈਮੇਲ ਪਤੇ ਮੇਲ ਨਹੀਂ ਖਾਂਦੇ ਜਾਂ ਇਹ ਸਕੂਲ ਕੋਡ ਨੂੰ ਨਹੀਂ ਪਛਾਣਦਾ।** | ਯਕੀਨੀ ਬਣਾਓ ਕਿ ਈਮੇਲ ਪਤੇ ਅਤੇ ਸਕੂਲ ਕੋਡ ਤੋਂ ਪਹਿਲਾਂ ਜਾਂ ਬਾਅਦ ਵਿੱਚ ਕੋਈ ਖਾਲੀ ਥਾਂ ਜਾਂ ਵਿਰਾਮ ਚਿੰਨ੍ਹ ਨਹੀਂ ਹਨ। |
| **ਔਨਲਾਈਨ ਫਾਰਮ ਨਹੀਂ ਭਰ ਸਕਦੇ ਹੋ?** | ਸਹਾਇਤਾ ਲਈ ਸਾਨੂੰ 0300 300 0007 'ਤੇ ਕਾਲ ਕਰੋ। |
| **ਆਪਣਾ ਫੈਸਲਾ ਬਦਲ ਲਿਆ ਹੈ?** | ਆਪਣੇ ਫੈਸਲੇ ਨੂੰ ਅੱਪਡੇਟ ਕਰਨ ਲਈ ਹੇਠਾਂ ਦਿੱਤੇ ਵੇਰਵਿਆਂ ਦੀ ਵਰਤੋਂ ਕਰਕੇ ਸਾਡੇ ਨਾਲ ਸੰਪਰਕ ਕਰੋ। |
| **ਜੇ ਮੇਰਾ ਬੱਚਾ ਸੈਸ਼ਨ ਵਾਲੇ ਦਿਨ ਗੈਰਹਾਜ਼ਰ ਜਾਂ ਬਿਮਾਰ ਹੋਵੇ ਤਾਂ ਕੀ ਹੋਵੇਗਾ?** | ਟੀਕਾਕਰਨ ਲਈ ਇੱਕ ਵਾਧੂ ਮੌਕਾ ਉਪਲਬਧ ਕਰਵਾਇਆ ਜਾਵੇਗਾ। |

| | |
|---|---|
| **ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਕੀ ਹੈ?** | ਹੋਰ ਜਾਣਕਾਰੀ ਲਈ www.nhs.uk/conditions/vaccinations 'ਤੇ ਜਾਓ। |
| **ਮੇਰੇ ਸਵਾਲ ਹਨ ਜਾਂ ਮੈਂ ਵਾਧੂ ਸਹਾਇਤਾ ਬਾਰੇ ਚਰਚਾ ਕਰਨਾ ਚਾਹੁੰਦਾ/ਚਾਹੁੰਦੀ ਹਾਂ, ਮੈਂ ਕਿਸ ਨਾਲ ਸੰਪਰਕ ਕਰ ਸਕਦਾ/ਸਕਦੀ ਹਾਂ?** | ਸਾਨੂੰ 0300-300-0007 'ਤੇ ਕਾਲ ਕਰੋ ਜਾਂ communityimmunisations.service@nhs.net 'ਤੇ ਈਮੇਲ ਕਰੋ |

ਤਹਿ ਦਿਲੋਂ,

ਸਕੂਲੀ ਉਮਰ ਲਈ ਟੀਕਾਕਰਨ ਪ੍ਰੋਗਰਾਮ
ਕਮਿਊਨਿਟੀ ਟੀਕਾਕਰਨ ਸੇਵਾ

**ਪਹੁੰਚਯੋਗਤਾ:**

**ਜੇ ਤੁਸੀਂ ਇਸ ਪੱਤਰ ਨੂੰ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ ਤਾਂ ਇਸ ਵੈੱਬਸਾਈਟ 'ਤੇ ਜਾਓ:**
**www.leicspart.nhs.uk/communityimms**

| | |
|---|---|
| ਅਰਬੀ | ذا كنت ترغب في قراءة هذه الرسالة بلغة أخرى، قم بزيارة موقعنا على الإنترنت |
| ਗੁਜਰਾਤੀ | જો તમે આ પત્ર ગુજરાતીમાં વાંચવા માંગતા હો તો અમારી વેબસાઈટ પર જાઓ |
| ਪੋਲਿਸ਼ | Jeśli chcesz przeczytać ten list w innym języku, przejdź na naszą stronę. |
| ਪੰਜਾਬੀ | ਜੇ ਤੁਸੀਂ ਇਸ ਪੱਤਰ ਨੂੰ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ ਤਾਂ ਸਾਡੀ ਵੈੱਬਸਾਈਟ 'ਤੇ ਜਾਓ |
| ਸੋਮਾਲੀ | Haddii aad jeclaan lahayd inaad ku akhrido warqadan luuqad kale, booqo boggayaga internetka |
| ਉਰਦੂ | اگر آپ اردو میں یہ خط پڑھنا چاہتے ہیں تو ہماری ویب سائٹ پر جائیں۔ |

**ਜੇ ਤੁਸੀਂ HPV ਟੀਕਾਕਰਨ ਪਰਚਾ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ, ਤਾਂ ਇਸ ਵੈੱਬਸਾਈਟ 'ਤੇ ਜਾਓ:**
**https://www.gov.uk/government/publications/hpv-vaccine-vaccination-guide-leaflet**

ਉਪਲਬਧ ਭਾਸ਼ਾਵਾਂ ਵਿੱਚ ਸ਼ਾਮਲ ਹਨ: ਅੰਗਰੇਜ਼ੀ, ਅਲਬਾਨੀਆਈ, ਅਰਬੀ, ਬੰਗਾਲੀ, ਬ੍ਰਾਜ਼ੀਲਿਆਈ ਪੁਰਤਗਾਲੀ, ਬੁਲਗਾਰੀਆਈ, ਚੀਨੀ, ਇਸਟੋਨਿਆਈ, ਫਾਰਸੀ, ਯੂਨਾਨੀ, ਗੁਜਰਾਤੀ, ਹਿੰਦੀ, ਲਾਤਵਿਆਈ, ਲਿਥੁਆਨਿਆਈ, ਪੰਜਾਬੀ, ਪੋਲਿਸ਼, ਰੋਮਾਨਿਆਈ, ਰੋਮਾਨੀ, ਰੂਸੀ, ਸੋਮਾਲੀ, ਸਪੈਨਿਸ਼, ਤੁਰਕੀ, ਟਵੀ, ਯੂਕ੍ਰੇਨਿਆਈ, ਉਰਦੂ ਅਤੇ ਯਿੱਦੀਸ਼।

ਇਹ ਵੈੱਬਸਾਈਟ 'ਤੇ ਬ੍ਰਿਟਿਸ਼ ਸਾਈਨ ਲੈਂਗਵੇਜ਼ (BSL) ਵਿੱਚ ਵੀਡੀਓ ਦੇ ਰੂਪ ਵਿੱਚ ਵੀ ਉਪਲਬਧ ਹੈ।



2022-1-A-v1.0